


## ਮਾਪਿਆਂ ਦੇ ਅਧਿਕਾਰ

# ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ

ਸਾਰੇ ਮਾਪਿਆਂ ਨੂੰ ਆਪਣੇ ਬੱਚੇ ਦੀ ਵਿਦਿਅਕ ਭਾਸ਼ਾ, ਜਿਸਨੂੰ ਉਹ ਸਮਝਦੇ ਹਨ, ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ। ਜਦੋਂ ਤੁਹਾਡਾ ਬੱਚਾ ਸਕੂਲ ਵਿੱਚ ਦਾਖ਼ਲ ਹੁੰਦਾ ਹੈ, ਸਕੂਲ ਤੁਹਾਨੂੰ ਉਸ ਭਾਸ਼ਾ ਬਾਰੇ ਪੁੱਛੇਗਾ ਜਿਸਦੀ ਵਰਤੋਂ ਤੁਸੀਂ ਸਕੂਲ ਨਾਲ ਗੱਲਬਾਤ ਕਰਨ ਲਈ ਕਰਨਾ ਪਸੰਦ ਕਰੋਗੇ। ਇਸ ਨਾਲ ਸਕੂਲ ਨੂੰ ਤੁਹਾਡੀਆਂ ਭਾਸ਼ਾ ਲੋੜਾਂ ਦੀ ਪਛਾਣ ਕਰਨ ਵਿੱਚ ਸਹਾਇਤਾ ਮਿਲੇਗੀ ਤਾਂ ਜੋ ਉਹ ਇੱਕ ਦੁਭਾਸ਼ੀਆ ਜਾਂ ਅਨੁਵਾਦਤ ਦਸਤਾਵੇਜ਼, ਮੁਫ਼ਤ ਪ੍ਰਦਾਨ ਕਰ ਸਕਣ।

## ਤੁਸੀਂ ਆਪਣੇ ਸਕੂਲ ਅਤੇ ਸਕੂਲ ਡਿਸਟ੍ਰਿਕਟ ਤੋਂ ਕੀ ਉਮੀਦ ਰੱਖ ਸਕਦੇ ਹੋ

**ਤੁਸੀਂ ਆਪਣੇ ਬੱਚੇ ਦੀ ਵਿੱਦਿਆ ਦਾ ਇੱਕ ਮਹੱਤਵਪੂਰਨ ਹਿੱਸਾ ਹੋ!**

ਸਕੂਲ ਨੂੰ ਤੁਹਾਡੇ ਬੱਚੇ ਦੀ ਸਿੱਖਿਆ ਬਾਰੇ ਤੁਹਾਡੇ ਨਾਲ—ਤੁਹਾਡੀ ਭਾਸ਼ਾ ਵਿੱਚ—ਪੱਤਰ-ਵਿਹਾਰ ਕਰਨਾ ਚਾਹੀਦਾ ਹੈ। ਇਸ ਵਿੱਚ ਆਮ ਤੌਰ 'ਤੇ ਅਨੁਵਾਦਤ ਦਸਤਾਵੇਜ਼ ਅਤੇ ਮੀਟਿੰਗਾਂ ਅਤੇ ਆਪਸੀ ਗੱਲਬਾਤ ਲਈ ਇੱਕ ਦੁਭਾਸ਼ੀਆ ਸ਼ਾਮਲ ਹੁੰਦਾ ਹੈ।

ਤੁਹਾਡੇ ਕੋਲ ਇਹ ਸੇਵਾਵਾਂ ਪ੍ਰਾਪਤ ਕਰਨ ਦਾ ਹੱਕ ਹੈ ਭਾਵੇਂ ਤੁਸੀਂ ਕੁਝ ਅੰਗਰੇਜ਼ੀ ਬੋਲਦੇ ਹੋ ਅਤੇ ਭਾਵੇਂ ਤੁਹਾਡਾ ਬੱਚਾ ਅੰਗਰੇਜ਼ੀ ਬੋਲ ਜਾਂ ਪੜ੍ਹ ਸਕਦਾ ਹੈ।

ਸਕੂਲ ਨੂੰ ਤੁਹਾਡੇ ਬੱਚੇ ਲਈ ਮਹੱਤਵਪੂਰਨ ਜਾਣਕਾਰੀ ਅਤੇ ਮੌਕਿਆਂ ਬਾਰੇ ਤੁਹਾਡੇ ਨਾਲ **ਤੁਹਾਡੀ ਭਾਸ਼ਾ ਵਿੱਚ** ਪੱਤਰ-ਵਿਹਾਰ ਕਰਨਾ ਚਾਹੀਦਾ ਹੈ। ਇਸ ਵਿੱਚ ਹੇਠ ਲਿਖਿਆਂ ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈ:

- ਸਕੂਲ ਵਿੱਚ ਰਜਿਸਟ੍ਰੇਸ਼ਨ ਅਤੇ ਦਾਖ਼ਲਾ
- ਗ੍ਰੇਡ, ਅਕਾਦਮਿਕ ਮਿਆਰ, ਅਤੇ ਗ੍ਰੈਜੁਏਸ਼ਨ
- ਸਕੂਲ ਦੇ ਨਿਯਮ ਅਤੇ ਵਿਦਿਆਰਥੀ ਅਨੁਸ਼ਾਸਨ
- ਹਾਜ਼ਰੀ, ਗ਼ੈਰ-ਹਾਜ਼ਰੀ, ਅਤੇ ਨਿਕਾਸੀ
- ਗਤੀਵਿਧੀਆਂ ਜਾਂ ਪ੍ਰੋਗਰਾਮਾਂ ਲਈ ਮਾਪਿਆਂ ਦੀ ਇਜਾਜ਼ਤ
- ਸਿਹਤ, ਸੁਰੱਖਿਆ, ਅਤੇ ਸੰਕਟਕਾਲ
- ਸਕੂਲ ਦੀਆਂ ਛੁੱਟੀਆਂ
- ਪ੍ਰੋਗਰਾਮਾਂ ਜਾਂ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਮੌਕੇ—ਇਨ੍ਹਾਂ ਵਿੱਚ ਸ਼ਾਮਲ ਹਨ ਬਹੁਤ ਹੀ ਸਮਰੱਥ, ਉੱਨਤ ਪਲੇਸਮੈਂਟ, ਅਤੇ ਅੰਗਰੇਜ਼ੀ ਭਾਸ਼ਾ ਸਿਖਲਾਈ ਪ੍ਰੋਗਰਾਮ
- ਅਪੰਗ ਵਿਦਿਆਰਥੀਆਂ ਲਈ ਵਿਸ਼ੇਸ਼ ਸਿਖਲਾਈ ਅਤੇ ਸੇਵਾਵਾਂ

**ਅਧਿਆਪਕਾਂ ਅਤੇ ਸਕੂਲ ਕਰਮਚਾਰੀਆਂ ਨਾਲ ਮੀਟਿੰਗਾਂ ਅਤੇ ਗੱਲਬਾਤ**

ਜਦੋਂ ਤੁਸੀਂ ਅਧਿਆਪਕਾਂ ਜਾਂ ਸਕੂਲ ਦੇ ਕਰਮਚਾਰੀਆਂ ਨਾਲ ਗੱਲ ਕਰਦੇ ਹੋ, ਜੇ ਤੁਹਾਨੂੰ ਲੋੜ ਹੋਵੇ ਤਾਂ ਸਕੂਲ ਦੁਆਰਾ ਇੱਕ ਦੁਭਾਸ਼ੀਆ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਇਸ ਵਿੱਚ ਸ਼ਾਮਲ ਹਨ ਵਿਸ਼ੇਸ਼ ਸਿੱਖਿਆ ਬਾਰੇ, ਜਾਂ ਤੁਹਾਡੇ ਬੱਚੇ ਦੀ ਸਿੱਖਿਆ ਬਾਰੇ ਜਾਂ ਕਿਸੇ ਵੀ ਹੋਰ ਗੱਲਬਾਤ ਬਾਰੇ ਮਾਪੇ-ਅਧਿਆਪਕ ਕਾਨਫਰੰਸਾਂ, ਮੀਟਿੰਗਾਂ।

ਸਕੂਲ ਨੂੰ ਸਿਰਫ ਕਾਬਲ ਦੁਭਾਸ਼ੀਏ ਵਰਤਣੇ ਚਾਹੀਦੇ ਹਨ ਜੋ ਅੰਗ੍ਰੇਜ਼ੀ ਅਤੇ ਤੁਹਾਡੀ ਭਾਸ਼ਾ ਰਵਾਨਗੀ ਨਾਲ ਬੋਲ ਸਕਦੇ ਹੋਣ। ਸਕੂਲ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਦੁਭਾਸ਼ੀਏ ਉਹਨਾਂ ਕਿਸੇ ਵੀ ਸ਼ਬਦਾਂ ਜਾਂ ਸਿਧਾਂਤਾਂ ਨੂੰ ਸਮਝਦੇ ਹਨ ਜੋ ਮੀਟਿੰਗ ਦੇ ਦੌਰਾਨ ਵਰਤੇ ਜਾਣਗੇ। ਸਕੂਲ ਦੁਆਰਾ ਵਿਦਿਆਰਥੀਆਂ ਜਾਂ ਬੱਚਿਆਂ ਨੂੰ ਦੁਭਾਸ਼ੀਏ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ।

ਦੁਭਾਸ਼ੀਆ ਨਿਰਪੱਖ ਹੋਣਾ ਚਾਹੀਦਾ ਹੈ ਅਤੇ ਉਸਨੂੰ ਗੱਲਬਾਤ ਦੇ ਦੌਰਾਨ ਕਹੀ ਗਈ ਹਰੇਕ ਚੀਜ਼ ਦੱਸ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਕਿਸੇ ਦੁਆਰਾ ਕਹੀ ਗਈ ਗੱਲ ਵਿੱਚੋਂ ਕੁਝ ਕੱਟਣਾ ਜਾਂ ਜੋੜਨਾ ਨਹੀਂ ਚਾਹੀਦਾ। ਸਕੂਲ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਦੁਭਾਸ਼ੀਏ ਆਪਣੀ ਭੂਮਿਕਾ ਅਤੇ ਜਾਣਕਾਰੀ ਨੂੰ ਗੁਪਤ ਰੱਖਣ ਦੀ ਲੋੜ ਨੂੰ ਸਮਝਦੇ ਹਨ। ਦੁਭਾਸ਼ੀਆ ਵਿਅਕਤੀਗਤ ਰੂਪ ਵਿੱਚ ਜਾਂ ਫ਼ੋਨ ਉੱਤੇ ਕੰਮ ਕਰ ਸਕਦਾ ਹੈ ਜਾਂ ਡਿਸਟ੍ਰਿਕਟ ਸਟਾਫ਼ ਜਾਂ ਕੋਈ ਬਾਹਰੀ ਕਾਨਟ੍ਰੈਕਟਰ ਹੋ ਸਕਦਾ ਹੈ।

ਸਕੂਲ ਨੂੰ ਸਕੂਲ ਵਿੱਚ ਜਾਂ ਤੁਹਾਡੇ ਬੱਚੇ ਦੀ ਸਿੱਖਿਆ ਬਾਰੇ ਕਿਸੇ ਵੀ ਮੀਟਿੰਗਾਂ ਜਾਂ ਵਾਰਤਾਲਾਪਾਂ ਲਈ ਦੁਭਾਸ਼ੀਆ ਪੇਸ਼ ਕਰਨਾ ਚਾਹੀਦਾ ਹੈ। ਜੇਕਰ ਤੁਹਾਨੂੰ ਲੋੜ ਹੋਵੇ, ਤੁਸੀਂ ਵੀ ਸਕੂਲ ਨੂੰ ਇਸ ਬਾਰੇ ਪੁੱਛ ਸਕਦੇ ਹੋ।

**ਲਿਖਤੀ ਜਾਣਕਾਰੀ**

ਸਕੂਲ ਨੂੰ ਮਹੱਤਵਪੂਰਨ ਲਿਖਤੀ ਜਾਣਕਾਰੀ ਦਾ ਤੁਹਾਡੀ ਸਕੂਲ ਡਿਸਟ੍ਰਿਕਟ ਵਿੱਚ ਬੋਲੀਆਂ ਜਾਂਦੀਆਂ ਸਭ ਤੋਂ ਆਮ ਭਾਸ਼ਾਵਾਂ ਵਿੱਚ ਅਨੁਵਾਦ ਕਰਨਾ ਚਾਹੀਦਾ ਹੈ। ਜੇਕਰ ਤੁਹਾਨੂੰ ਅਜਿਹੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਜਿਹੜੀ ਤੁਹਾਡੀ ਭਾਸ਼ਾ ਵਿੱਚ ਨਹੀਂ ਹੈ, ਕਿਰਪਾ ਕਰਕੇ ਸਕੂਲ ਨੂੰ ਕਹੋ ਕਿ ਇਸਨੂੰ ਤੁਹਾਡੀ ਭਾਸ਼ਾ ਵਿੱਚ ਲਿਖਤੀ ਅਨੁਵਾਦ ਜਾਂ ਜ਼ੁਬਾਨੀ ਰੂਪ ਵਿੱਚ ਤੁਹਾਨੂੰ ਸਮਝਾਇਆ ਜਾਵੇ।

## ਚਿੰਤਾਵਾਂ ਅਤੇ ਸ਼ਿਕਾਇਤਾਂ ਉੱਤੇ ਕਾਰਵਾਈ ਕਰਨਾ

**ਇਹ ਤੁਹਾਡੇ ਹੱਕ ਹਨ!**

ਸਟੇਟ ਅਤੇ ਫੈਡਰਲ ਸਿਵਿਲ ਰਾਈਟਸ ਕਨੂੰਨਾਂ ਹੇਠ, ਤੁਹਾਡੇ ਕੋਲ ਆਪਣੀ ਭਾਸ਼ਾ ਵਿੱਚ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨ ਦਾ ਹੱਕ ਹੈ। ਜੇਕਰ ਸਕੂਲ ਦੀਆਂ ਦੁਭਾਸ਼ੀਆ ਜਾਂ ਅਨੁਵਾਦ ਸੇਵਾਵਾਂ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਹਨ—ਜਾਂ ਤੁਹਾਨੂੰ ਇੱਕ ਦੁਭਾਸ਼ੀਏ ਜਾਂ ਤੁਹਾਡੇ ਦੁਆਰਾ ਲੋੜੀਂਦੇ ਅਨੁਵਾਦ ਦੀ ਪੇਸ਼ਕਸ਼ ਨਹੀਂ ਕੀਤੀ ਗਈ—ਤੁਹਾਡੇ ਕੋਲ ਕਈ ਵਿਕਲਪ ਹਨ।

1. **ਆਪਣੇ ਪ੍ਰਿੰਸੀਪਲ ਜਾਂ ਸਕੂਲ ਦੇ ਕਿਸੇ ਕਰਮਚਾਰੀ, ਜਿਸ ਨਾਲ ਤੁਸੀਂ ਸੁਖਦ ਮਹਿਸੂਸ ਕਰਦੇ ਹੋ, ਨਾਲ ਗੱਲ ਕਰੋ।** ਤੁਹਾਡੀਆਂ ਚਿੰਤਾਵਾਂ ਦੇ ਹੱਲ ਲਈ ਤੁਹਾਡੇ ਸਕੂਲ ਦੇ ਪ੍ਰਿੰਸੀਪਲ ਨਾਲ ਵਿਚਾਰ-ਵਟਾਂਦਰਾ ਆਮ ਤੌਰ 'ਤੇ ਸਭ ਤੋਂ ਵਧੀਆ ਪਹਿਲਾ ਕਦਮ ਹੈ। ਘਟਨਾ ਦਾ ਵੇਰਵਾ ਦਿਓ, ਅਤੇ ਪ੍ਰਿੰਸੀਪਲ ਨੂੰ ਜਾਣੂ ਕਰਵਾਓ ਕਿ ਮੁਸ਼ਕਲ ਦਾ ਹੱਲ ਕਰਨ ਲਈ ਉਹ ਕਿਵੇਂ ਮਦਦ ਕਰ ਸਕਦੇ ਹਨ।

2. **ਆਪਣੇ ਸਕੂਲ ਡਿਸਟ੍ਰਿਕਟ ਨਾਲ ਗੱਲਬਾਤ ਕਰੋ।** ਤੁਸੀਂ ਆਪਣੀਆਂ ਚਿੰਤਾਵਾਂ ਸਾਂਝੀਆਂ ਕਰਨ ਲਈ ਸਕੂਲ ਡਿਸਟ੍ਰਿਕਟ ਨਾਲ ਵੀ ਸੰਪਰਕ ਕਰ ਸਕਦੇ ਹੋ। ਤੁਸੀਂ ਡਿਸਟ੍ਰਿਕਟ ਦਫ਼ਤਰ ਵਿਖੇ ਸਿਵਿਲ ਰਾਈਟਸ ਕੋਆਰਡੀਨੇਟਰ ਜਾਂ ਸੁਪ੍ਰਿਨਟੈਂਡੈਂਟ ਨੂੰ ਕਾਲ ਕਰ ਸਕਦੇ ਹੋ।

3. **ਆਪਣੀਆਂ ਚਿੰਤਾਵਾਂ ਦੇ ਹੱਲ ਲਈ ਸਹਾਇਤਾ ਦੀ ਮੰਗ ਕਰੋ।** ਤੁਸੀਂ ਆਪਣੇ ਹੱਕਾਂ ਬਾਰੇ ਵਧੇਰੀ ਜਾਣਕਾਰੀ ਜਾਂ ਆਪਣੀਆਂ ਚਿੰਤਾਵਾ ਦੇ ਹੱਲ ਵਿੱਚ ਮਦਦ ਲਈ ਇਨ੍ਹਾਂ ਏਜੰਸੀਆਂ ਨਾਲ ਵੀ ਸੰਪਰਕ ਕਰ ਸਕਦੇ ਹੋ।

   Equity and Civil Rights Office
   Office of Superintendent of Public Instruction
   360-725-6162 | www.k12.wa.us/equity

   Office of the Education Ombuds
   206-729-3251 | oeo.wa.gov

4. **ਤੁਸੀਂ ਸ਼ਿਕਾਇਤ ਦਰਜ ਕਰ ਸਕਦੇ ਹੋ।** ਸ਼ਿਕਾਇਤ ਦਰਜ ਕਰਨ ਲਈ, ਲਿਖਤੀ ਰੂਪ ਵਿੱਚ ਘਟਨਾ ਦਾ ਵੇਰਵਾ ਦਿਓ—ਕਿਸੇ ਵੀ ਭਾਸ਼ਾ ਵਿੱਚ—ਅਤੇ ਇਸਨੂੰ ਡਾਕ, ਈਮੇਲ, ਜਾਂ ਵਿਅਕਤੀਗਤ ਡਿਲੀਵਰੀ ਰਾਹੀਂ ਡਿਸਟ੍ਰਿਕਟ ਨੂੰ ਭੇਜੋ। ਆਪਣੇ ਰਿਕਾਰਡਾਂ ਲਈ ਇੱਕ ਕਾਪੀ ਸੰਭਾਲ ਕੇ ਰੱਖਣਾ ਸੁਨਿਸ਼ਚਤ ਕਰੋ।

   30 ਕੈਲੰਡਰ ਦਿਨਾਂ ਦੇ ਅੰਦਰ, ਡਿਸਟ੍ਰਿਕਟ ਤੁਹਾਡੀ ਸ਼ਿਕਾਇਤ ਦੀ ਜਾਂਚ ਕਰੇਗਾ ਅਤੇ ਤੁਹਾਨੂੰ ਲਿਖਤੀ ਰੂਪ ਵਿੱਚ ਜਵਾਬ ਦੇਵੇਗਾ। ਤੁਹਾਡੇ ਸ਼ਿਕਾਇਤ ਵਿਕਲਪਾਂ ਬਾਰੇ ਵਧੇਰੇ ਜਾਣਕਾਰੀ ਇੱਥੇ ਆਨਲਾਈਨ ਮੌਜੂਦ ਹੈ: www.k12.wa.us/Equity/Complaints.aspx।

ਕਿਰਪਾ ਕਰਕੇ ਸਾਨੂੰ ਦੱਸੋ ਕਿ ਸਕੂਲ ਤੁਹਾਡੇ ਜਾਂ ਤੁਹਾਡੇ ਬੱਚੇ ਦੇ ਵਿਰੁੱਧ ਚਿੰਤਾਵਾਂ ਦੀ ਸਾਂਝ ਕਰਨ ਜਾਂ ਕੋਈ ਸ਼ਿਕਾਇਤ ਦਰਜ ਕਰਨ ਲਈ ਸੰਭਾਵਤ ਬਗ਼ਾਵਤ ਨਾ ਕਰੇ।